BRITISH COLUMBIA

# ਪਿੱਠ-ਭੂਮੀ 6

ਤੁਰੰਤ ਜਾਰੀ ਕਰਨ ਹਿਤ

ਵਿੱਤ ਮੰਤਰਾਲਾ

2021FIN0023-000744
20 ਅਪ੍ਰੈਲ, 2021

**ਮੇਲ-ਮਿਲਾਪ ਵਧਾਉਣ ਲਈ ਸਹਾਇਤਾ-ਸਾਧਨਾਂ ਲਈ ਮਾਲੀ ਮਦਦ ਰਾਹੀਂ ਫ਼ਸਟ ਨੇਸ਼ਨਜ਼ ਨਾਲ ਸਹਿਯੋਗ**

ਸਰਕਾਰ ਅਤੇ ਮੂਲਵਾਸੀ ਲੋਕਾਂ ਦਰਮਿਆਨ ਮੇਲ-ਮਿਲਾਪ ਵਧਾਉਣ ਦੇ ਕਾਰਜ ਲਈ, ਇਹ ਯਕੀਨੀ ਬਣਾਉਣ ਲਈ ਕਿ ਮੂਲਵਾਸੀ ਲੋਕ ਆਰਥਕ ਮੁੜ-ਬਹਾਲੀ ਵਿੱਚ ਪੂਰੀ ਤਰ੍ਹਾਂ ਭਾਗ ਲੈ ਸਕਣ ਅਤੇ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਘੋਸ਼ਣਾ ਐਕਟ ਨੂੰ ਲਾਗੂ ਕਰਨ ਲਈ ਸਹਿਯੋਗ ਕਰਨਾ ਜਾਰੀ ਰੱਖਣ, ਬਜਟ 2021 ਵਿੱਚ ਪੂਰੀ ਸਰਕਾਰ ਲਈ ਮਾਲੀ ਮਦਦ ਦਾ ਪ੍ਰਬੰਧ ਕੀਤਾ ਗਿਆ ਹੈ।

ਬਜਟ 2021 ਵਿੱਚ ਮੂਲਵਾਸੀ ਸੰਪਰਕ ਅਤੇ ਮੇਲ-ਮਿਲਾਪ ਦੇ ਮੰਤਰਾਲੇ ਲਈ ਸਾਲਾਨਾ ਬੁਨਿਆਦੀ ਮਾਲੀ ਮਦਦ ਵਿੱਚ $60 ਮਿਲੀਅਨ ਦਾ ਵਾਧਾ ਕੀਤਾ ਗਿਆ ਹੈ, ਜਿਸ ਦੁਆਰਾ ਵਿਸ਼ੇਸ਼-ਕਾਰਜ ਸਮਰਪਤ ਮਾਲੀ ਮਦਦ ਮੁਹੱਈਆ ਹੋਵੇਗੀ ਜਿਸ ਨਾਲ ਜ਼ਮੀਨ ਅਤੇ ਸ੍ਰੋਤ ਸਬੰਧਤ ਗਤੀਵਿਧੀਆਂ, ਸਮਝੌਤਾ ਵਾਰਤਾਵਾਂ ਅਤੇ ਵਿਧਾਨ, ਨੀਤੀ ਅਤੇ ਪ੍ਰੋਗਰਾਮਾਂ ਬਾਰੇ ਵਿਚਾਰ-ਚਰਚਾ ਵਿੱਚ ਮੂਲਵਾਸੀ ਸਹਿਭਾਗਤਾ ਨੂੰ ਮਜ਼ਬੂਤੀ ਮਿਲੇਗੀ। ਡੈਕਲੇਰੇਸ਼ਨ ਐਕਟ ਦੇ ਅਨੁਰੂਪ ਮੇਲ-ਮਿਲਾਪ ਵਧਾਉਣ ਲਈ ਸਥਿਰ ਮਾਲੀ ਮਦਦ ਬੇਹੱਦ ਮਹੱਤਵਪੂਰਣ ਹੈ ਅਤੇ ਇਸ ਨਾਲ ਸੂਬਾ ਸਰਕਾਰ, ਫ਼ਸਟ ਨੇਸ਼ਨਜ਼ ਅਤੇ ਉਦਯੋਗ ਦਰਮਿਆਨ ਸਬੰਧ ਅਤੇ ਸਹਿਯੋਗ-ਅਧਾਰਤ ਕਾਰਜ ਅੱਗੇ ਵਧਣਗੇ।

ਪ੍ਰਮੁੱਖ ਮੰਤਰਾਲਿਆਂ ਵਿੱਚ ਬਜਟ 2021 ਰਾਹੀਂ ਨਵੇਂ ਅਹੁਦੇ ਸ਼ਾਮਲ ਕੀਤੇ ਜਾਣਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਮੇਲ-ਮਿਲਾਪ ਸਮਝੌਤੇ, ਜਿਨ੍ਹਾਂ ਵਿੱਚ ਜ਼ਮੀਨ ਦੇ ਤਬਾਦਲੇ ਅਤੇ ਡੈਕਲੇਰੇਸ਼ਨ ਐਕਟ ਨੂੰ ਲਾਗੂ ਕਰਨਾ ਵੀ ਸ਼ਾਮਲ ਹੈ, ਅਤੇ ਜਿਨ੍ਹਾਂ 'ਤੇ ਸੂਬਾ ਸਰਕਾਰ ਅਤੇ ਫ਼ਸਟ ਨੇਸ਼ਨਜ਼ ਨੇ ਮਿਲ ਕੇ ਹਸਤਾਖ਼ਰ ਕੀਤੇ ਹਨ, ਨੂੰ ਲਾਗੂ ਕਰਨ ਦਾ ਕੰਮ ਨੇਪਰੇ ਚਾੜ੍ਹਨ ਲਈ ਲੋੜੀਂਦਾ ਸਟਾਫ਼ ਮੌਜੂਦ ਹੋਵੇ। ਮੂਲਵਾਸੀ ਸੰਪਰਕ ਅਤੇ ਮੇਲ-ਮਿਲਾਪ, ਅਤੇ ਜੰਗਲਾਤ, ਭੂਮੀ, ਕੁਦਰਤੀ ਸੋਮਾ ਸੰਚਾਲਨ ਅਤੇ ਗ੍ਰਾਮੀਣ ਵਿਕਾਸ ਦੇ ਮੰਤਾਰਾਲਿਆਂ ਵਿੱਚ 30 ਨਵੇਂ ਅਹੁਦੇ ਬਣਾਉਣ ਵਿੱਚ ਮਦਦ ਦੇਣ ਲਈ ਬਜਟ 2021 ਵਿੱਚ $6 ਮਿਲੀਅਨ ਪ੍ਰਤੀ ਸਾਲ ਰੱਖੇ ਗਏ ਹਨ।

ਉੱਚ ਮੰਗ ਵਾਲੀਆਂ ਨੌਕਰੀਆਂ ਵਿੱਚ ਰੁਜ਼ਗਾਰ ਦੇ ਨਵੇਂ ਅਵਸਰਾਂ ਲਈ ਤਿਆਰੀ ਕਰਨ ਵਾਸਤੇ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਲਈ ਮੂਲਵਾਸੀ ਲੋਕਾਂ ਦੀ ਸਹਾਇਤਾ ਕਰਨ ਲਈ ਬਜਟ 2021 ਵਿੱਚ ਹੁਨਰ ਅਤੇ ਸਿਖਲਾਈ ਵਿੱਚ ਬੇਹੱਦ ਜ਼ਰੂਰੀ ਨਿਵੇਸ਼ ਕਰਨਾ ਜਾਰੀ ਰੱਖਿਆ ਗਿਆ ਹੈ। ਇਸ ਵਿੱਚ 2021-22 ਵਿੱਚ $17 ਮਿਲੀਅਨ ਰੱਖੇ ਗਏ ਹਨ, ਜਿਸ ਰਾਹੀਂ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਅਤੇ ਬਜਟ 2020 ਵਿੱਚ ਕੀਤੇ ਪਹਿਲੇ ਨਿਵੇਸ਼ਾਂ ਵਿੱਚ ਵਾਧਾ ਕੀਤਾ ਗਿਆ ਹੈ।

ਮੂਲਵਾਸੀ ਭਾਈਚਾਰਾ ਹੁਨਰ ਸਿਖਲਾਈ ਅਤੇ ਸਿੱਖਿਆ ਪ੍ਰੋਗਰਾਮ ਨੂੰ $15 ਮਿਲੀਅਨ ਦਿੱਤੇ ਗਏ ਹਨ ਤਾਂ ਕਿ 1,000 ਤੋਂ ਵੱਧ ਉਹ ਮੂਲਵਾਸੀ ਲੋਕ, ਜਿਨ੍ਹਾਂ ਦਾ ਰੁਜ਼ਗਾਰ ਕੋਵਿਡ-19 ਤੋਂ ਪ੍ਰਭਾਵਤ ਹੋਇਆ ਸੀ, ਨੂੰ ਹੁਨਰ ਸਿਖਲਾਈ ਅਤੇ ਸਿੱਖਿਆ ਪ੍ਰੋਗਰਾਮਾਂ ਤੱਕ ਪਹੁੰਚ ਕਰ ਸਕਣ ਦੇ ਸਮਰੱਥ ਬਣਾਇਆ ਜਾ ਸਕੇ।

ਇਸ ਤੋਂ ਇਲਾਵਾ, ਐਬੋਰਿਜਿਨਲ ਹੈੱਡ ਸਟਾਰਟ ਪ੍ਰੋਗਰਾਮ ਲਈ $20 ਮਿਲੀਅਨ ਦੀ ਨਵੀਂ ਮਾਲੀ ਮਦਦ ਮੁਹੱਈਆ ਕਰਾਈ ਜਾ ਰਹੀ ਹੈ, ਜੋ ਮੂਲਵਾਸੀ ਪਰਿਵਾਰਾਂ ਲਈ ਫ਼ੀਸ-ਰਹਿਤ, ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਬਾਲ-ਸੰਭਾਲ ਪ੍ਰਦਾਨ ਕਰਦਾ ਹੈ।

ਬਜਟ 2021 ਵਿੱਚ ਮੂਲਵਾਸੀ ਲੋਕਾਂ ਲਈ ਸੱਭਿਆਚਾਰਕ ਲਿਹਾਜ਼ ਨਾਲ ਸੁਰੱਖਿਅਤ ਸਿਹਤ ਸੇਵਾਵਾਂ ਨੂੰ ਮਜ਼ਬੂਤੀ ਦੇਣ ਲਈ $59 ਮਿਲੀਅਨ ਰੱਖੇ ਗਏ ਹਨ, ਜੋ ਸਿਹਤ-ਸੰਭਾਲ ਸਿਸਟਮ ਤੱਕ ਇੱਕੋ ਜਿਹੀ ਪਹੁੰਚ ਯਕੀਨੀ ਬਣਾਉਣ ਲਈ ਅਤੇ ਸਿਹਤ ਅਤੇ ਤੰਦਰੁਸਤੀ ਨੂੰ ਉਭਾਰਨ ਲਈ ਬੇਹੱਦ ਜ਼ਰੂਰੀ ਹੈ। ਇਸ ਵਿੱਚ ਪੂਰੇ ਬੀ ਸੀ ਵਿੱਚ ਮੂਲਵਾਸੀ ਲੋਕਾਂ ਲਈ ਮਾਨਸਕ ਸਿਹਤ ਅਤੇ ਨਸ਼ਾਖੋਰੀ ਨਾਲ ਸਬੰਧਤ ਨਿਯੋਜਿਤ ਸੇਵਾਵਾਂ ਮੁਹੱਈਆ ਕਰਾਉਣ ਲਈ ਫ਼ਸਟ ਨੇਸ਼ਨਜ਼ ਸਿਹਤ ਅਧਿਕਰਣ ਲਈ $14 ਮਿਲੀਅਨ ਰੱਖੇ ਗਏ ਹਨ ਅਤੇ ਸਿਹਤ ਅਧਿਕਰਣਾਂ ਦੇ ਤਹਿਤ ਵਧੇਰੇ ਸੱਭਿਆਚਾਰਕ ਸੁਰੱਖਿਆ ਅਤੇ ਨਿਮਰਤਾ ਸਿਖਲਾਈ ਅਤੇ ਮੂਲਵਾਸੀ ਸੰਪਰਕ ਵਿਅਕਤੀ ਮੁਹੱਈਆ ਕਰਾ ਕੇ ਪਲੇਨ ਸਾਈਟ ਰਿਪੋਰਟ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਲਈ ਤਿੰਨ ਸਾਲਾਂ ਦੌਰਾਨ ਹੋਰ $45 ਮਿਲੀਅਨ ਰੱਖੇ ਗਏ ਹਨ।

ਬਜਟ ਤੋਂ ਇਲਾਵਾ, ਪਤਝੜ ਦੀ 2020 ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ ਮੇਲ-ਮਿਲਾਪ ਵਧਾਉਣ ਲਈ ਅਤੇ ਇੱਕ ਵਧੇਰੇ ਸਮਾਵੇਸ਼ੀ ਆਰਥਕਤਾ ਦਾ ਨਿਰਮਾਣ ਕਰਨ ਲਈ ਮਹੱਤਵਪੂਰਣ ਮਾਲੀ ਮਦਦ ਰੱਖੀ ਗਈ ਸੀ, ਜਿਸ ਵਿੱਚ ਸ਼ਾਮਲ ਹੈ:

- ਕੁਨੈਕਟਿੰਗ ਬ੍ਰਿਟਿਸ਼ ਕੋਲੰਬੀਆ ਪ੍ਰੋਗਰਾਮ ਅਤੇ ਕੈਨੇਡਾ ਸਰਕਾਰ ਦਾ ਯੂਨੀਵਰਸਲ ਬਰੌਡਬੈਂਡ ਫ਼ੰਡ ਰਾਹੀਂ ਹਾਈਵੇਅ16 'ਤੇ ਪ੍ਰਿੰਸ ਰਿਊਪਰਟ ਤੋਂ ਪ੍ਰਿੰਸ ਜੌਰਜ ਤੱਕ ਸੈਲੂਲਰ ਸੇਵਾ ਵਿੱਚ ਸੁਧਾਰ ਕਰਨ ਲਈ $45 ਮਿਲੀਅਨ ਪ੍ਰਦਾਨ ਕੀਤੇ ਜਾਣਗੇ, ਜਿਸ ਨਾਲ ਹਾਈਵੇਅ ਨੂੰ ਸੁਰੱਖਿਅਤ ਬਣਾਉਣ ਦੀ ਇੱਕ ਬੇਹੱਦ ਜ਼ਰੂਰੀ ਸਿਫ਼ਾਰਸ਼ ਪੂਰੀ ਹੋ ਜਾਏਗੀ ਅਤੇ ਮੂਲਵਾਸੀ ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਰੋਕਣ ਵਿੱਚ ਮਦਦ ਮਿਲੇਗੀ।
- ਬੀ ਸੀ ਇੰਡਿਜਿਨਸ ਟੂਰਿਜ਼ਮ ਰਿਕਵਰੀ ਫ਼ੰਡ ਰਾਹੀਂ ਸਥਾਨਕ ਮੂਲਵਾਸੀ ਸੈਰ-ਸਪਾਟੇ ਵਿੱਚ ਮਦਦ ਦੇਣ ਲਈ $5 ਮਿਲੀਅਨ, ਜੋ ਸੈਰ-ਸਪਾਟਾ ਉਦਯੋਗ ਦੇ ਸਾਰੇ ਪਹਿਲੂਆਂ ਵਿੱਚ ਮਦਦ ਕਰਨ ਲਈ ਅੰਤਰ-ਸਰਕਾਰੀ ਉਪਰਾਲੇ ਦਾ ਹਿੱਸਾ ਹੈ।
- ਰੂਰਲ ਇਕਨੌਮਿਕ ਰਿਕਵਰੀ ਗ੍ਰਾਂਟਾਂ ($20 ਮਿਲੀਅਨ) ਵਿੱਚ ਨਿਰਮਾਣ ਕਾਰਜਾਂ ਰਾਹੀਂ ਤੁਰੰਤ ਰੁਜ਼ਗਾਰ ਪੈਦਾ ਕਰਨ ਵਿੱਚ ਮਦਦ ਕਰਨ ਲਈ ਮੂਲਵਾਸੀ ਅਤੇ ਸਥਾਨਕ ਸਰਕਾਰਾਂ ਲਈ ਮਾਲੀ ਮਦਦ ਸ਼ਾਮਲ ਹੈ।
- ਭਾਈਚਾਰਿਆਂ ਨੂੰ ਜਾਣਕਾਰੀ, ਸਹਾਇਤਾ ਸਾਧਨਾਂ ਅਤੇ ਕਾਰਵਾਈ ਹਿਤ ਸਿਖਲਾਈ ਨਾਲ ਆਪਸ ਵਿੱਚ ਜੋੜਨ ਲਈ, ਅਤੇ ਨਸਲਵਾਦ ਅਤੇ ਘ੍ਰਿਣਾ ਦੀਆਂ ਘਟਨਾਵਾਂ ਨੂੰ ਰੋਕਣ ਲਈ ਐਂਟੀ-ਰੇਸਿਜ਼ਮ ਰੀਸਟਾਰਟ ਐਂਡ ਰਿਕਵਰੀ ਪ੍ਰੋਗਰਾਮ ਲਈ $1.9 ਮਿਲੀਅਨ।
- ਬੀ ਸੀ ਦੀਆਂ ਤੱਟ-ਰੇਖਾਵਾਂ ਦੀ ਸਾਫ਼-ਸਫ਼ਾਈ ਕਰਨ ਲਈ ($14.8 ਮਿਲੀਅਨ) ਅਤੇ ਲਗਭਗ 70 ਵਾਟਰਸ਼ੈੱਡ ਅਤੇ ਵੈੱਟਲੈਂਡ ਪਹਿਲਕਦਮੀਆਂ ਲਈ ($27 ਮਿਲੀਅਨ), ਭਾਈਚਾਰਿਆਂ, ਫ਼ਸਟ ਨੇਸ਼ਨਜ਼ ਅਤੇ ਟੂਰ ਸੰਚਾਲਕਾਂ ਨੂੰ ਸਹਾਇਤਾ ਦੇਣ ਲਈ ਵਾਤਾਵਰਣ ਨਾਲ ਸਬੰਧਤ ਉਪਰਾਲਿਆਂ ਵਿੱਚ ਮਾਲੀ ਮਦਦ ਸ਼ਾਮਲ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੀ ਸੀ ਦਾ ਪਾਣੀ ਸਿਹਤਮੰਦ ਰਹੇ ਅਤੇ ਬਦਲਦੇ ਜਲਵਾਯੂ ਅਨੁਸਾਰ ਢਲਦਾ ਰਹਿ ਸਕੇ।

ਗ੍ਰਾਮੀਣ, ਦੂਰ-ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਵਿੱਚ ਓਵਰਡੋਜ਼ ਪ੍ਰਤੀ ਕਾਰਵਾਈ ਅਤੇ ਜਾਗਰੂਕਤਾ ਨੂੰ $1 ਮਿਲੀਅਨ ਦੀਆਂ ਰੋਕਥਾਮ ਗ੍ਰਾਂਟਾਂ ਰਾਹੀਂ ਮਜ਼ਬੂਤ ਬਣਾਇਆ ਜਾਏਗਾ। ਇਸ ਰਾਹੀਂ ਫ਼ਸਟ ਨੇਸ਼ਨਜ਼ ਅਤੇ ਮੈਟਿਸ ਯੁਵਕਾਂ, ਅਤੇ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਜੀਵਨ-ਰੱਖਿਅਕ ਵਿਧੀਆਂ ਅਤੇ ਮਾਨਸਕ ਸਿਹਤ ਸੰਭਾਲ ਦਾ ਦਾਇਰਾ ਵਧਾਉਣ ਲਈ 2020-21 ਦੇ $2.3 ਮਿਲੀਅਨ ਦੇ ਨਿਵੇਸ਼ਾਂ ਵਿੱਚ ਵਾਧਾ ਕੀਤਾ ਗਿਆ ਹੈ। ਇੱਕ ਗ੍ਰਾਮੀਣ, ਦੂਰ-ਦੁਰਾਡਾ ਅਤੇ ਮੂਲਵਾਸੀ ਕੋਵਿਡ-19 ਢਾਂਚਾ ਸਥਾਪਤ ਕੀਤਾ ਗਿਆ ਸੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋਕਾਂ ਦੀ ਉਸ ਸਿਹਤ-ਸੰਭਾਲ ਤੱਕ ਪਹੁੰਚ ਹੋ ਸਕੇ ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਹੋਵੇ।

## ਮੇਲ-ਮਿਲਾਪ ਪ੍ਰਤੀ ਕਾਰਵਾਈ

ਸੂਬਾ ਸਰਕਾਰ ਅਤੇ ਮੂਲਵਾਸੀ ਲੋਕ ਸਵੈ-ਨਿਰਧਾਰਣ ਯੋਗ, ਸਿਹਤਮੰਦ ਅਤੇ ਬੀ ਸੀ ਵਿੱਚ ਖ਼ੁਸ਼ਹਾਲ ਮੂਲਵਾਸੀ ਭਾਈਚਾਰਿਆਂ ਲਈ ਨਿਰੰਤਰ ਇੱਕ ਸਾਂਝੀ ਦੂਰ-ਦ੍ਰਿਸ਼ਟੀ ਲਈ ਬੁਨਿਆਦ ਦਾ ਨਿਰਮਾਣ ਕਰਦੇ ਆਏ ਹਨ।

ਸਤੰਬਰ 2020 ਵਿੱਚ ਹਸਤਾਖ਼ਰ ਕੀਤੇ ਇੱਕ ਦੀਰਘ-ਕਾਲੀਨ ਸਮਝੌਤੇ ਅਧੀਨ ਫ਼ਸਟ ਨੇਸ਼ਨਜ਼ ਨੂੰ ਸੂਬਾਈ ਗੇਮਿੰਗ ਆਮਦਨੀ ਵਿੱਚੋਂ 7% ਦਾ ਸਾਲਾਨਾ ਹਿੱਸਾ ਮਿਲ ਰਿਹਾ ਹੈ। ਇਸ ਸਮਝੌਤੇ ਰਾਹੀਂ ਬੀ ਸੀ ਫ਼ਸਟ ਨੇਸ਼ਨਜ਼ ਨੂੰ 25 ਸਾਲਾਂ ਦੌਰਾਨ $3 ਬਿਲੀਅਨ ਦੇ ਬਰਾਬਰ ਮੁਹੱਈਆ ਹੋਣ ਦੀ ਆਸ ਹੈ, ਜਿਸ ਨਾਲ ਉਨ੍ਹਾਂ ਦੇ ਭਾਈਚਾਰਿਆਂ ਲਈ ਲੋੜੀਂਦੀਆਂ ਸੇਵਾਵਾਂ ਵਿੱਚ ਦੀਰਘ-ਕਾਲਿਕ ਨਿਵੇਸ਼ ਕਰਨ ਲਈ ਮਾਲੀ ਮਦਦ ਪ੍ਰਦਾਨ ਹੋ ਸਕੇਗੀ।

ਬਿਲਡਿੰਗ ਬੀ ਸੀ: ਇਨਡਿਜਿਨਸ ਹਾਊਸਿੰਗ ਫ਼ੰਡ ਰਾਹੀਂ, ਸੂਬਾ ਸਰਕਾਰ 10 ਸਾਲਾਂ ਦੌਰਾਨ ਮੂਲਵਾਸੀ ਲੋਕਾਂ ਲਈ, ਭਾਵੇਂ ਉਹ ਰਿਜ਼ਰਵ ਵਿੱਚ ਜਾਂ ਉਸ ਤੋਂ ਬਾਹਰ ਰਹਿੰਦੇ ਹੋਣ, 1,750 ਘਰਾਂ ਦਾ ਨਿਰਮਾਣ ਕਰਨ ਲਈ $550 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਲਗਭਗ 1,110 ਨਵੇਂ ਖ਼੍ਰੀਦ-ਪਹੁੰਚ ਯੋਗ ਘਰ ਮੁਕੰਮਲ ਹੋ ਚੁੱਕੇ ਹਨ ਜਾਂ ਹੋਣ ਵਾਲੇ ਹਨ, ਜਿਨ੍ਹਾਂ ਵਿੱਚੋਂ 360 ਦੇ ਕਰੀਬ ਘਰ ਰਿਜ਼ਰਵ ਵਿੱਚ ਹਨ, ਜਿਸ ਨਾਲ ਬੀ ਸੀ ਰਿਜ਼ਰਵ ਵਿੱਚ ਬਣਨ ਵਾਲੇ ਆਵਾਸ ਵਿੱਚ ਸੂਬਾਈ ਆਵਾਸ ਫ਼ੰਡਾਂ ਦਾ ਨਿਵੇਸ਼ ਕਰਨ ਵਾਲਾ ਕੈਨੇਡਾ ਵਿੱਚ ਪਹਿਲਾ ਸੂਬਾ ਬਣ ਗਿਆ ਹੈ।

ਬੀ ਸੀ ਫ਼ਸਟ ਨੇਸ਼ਨਜ਼ ਜਸਟਿਸ ਸਟ੍ਰੈਟਜੀ, ਜਿਸ ‘ਤੇ ਮਾਰਚ 2020 ਵਿੱਚ ਬੀ ਸੀ ਫ਼ਸਟ ਨੇਸ਼ਨਜ਼ ਜਸਟਿਸ ਕਾਉਂਸਲ ਨਾਲ ਹਸਤਾਖ਼ਰ ਕੀਤੇ ਗਏ ਸਨ, ਨਿਆਂ ਪ੍ਰਣਾਲੀ ਦੇ ਅੰਦਰ ਮੂਲਵਾਸੀ ਲੋਕਾਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੇ ਸਹਿਯੋਗੀ ਕਾਰਜ ਦਾ ਹਿੱਸਾ ਹੈ। ਬੀ ਸੀ ਕਾਉਂਸਲ ਨਾਲ ਮੂਲਵਾਸੀ ਨਿਆਂ ਕੇਂਦਰ ਬਣਾਉਣ ਲਈ ਸਹਿਯੋਗ ਕਰ ਰਿਹਾ ਹੈ, ਅਤੇ ਯੂਨੀਵਰਸਿਟੀ ਔਫ਼ ਵਿਕਟੋਰੀਆ ਦੇ ਨੈਸ਼ਨਲ ਸੈਂਟਰ ਫ਼ੌਰ ਇਨਡਿਜਿਨਸ ਲਾਅਜ਼ ਦੇ ਨਿਰਮਾਣ ਲਈ  ਸਤੰਬਰ 2020 ਵਿੱਚ ਮਾਲੀ ਮਦਦ ਦਾ ਐਲਾਨ ਕੀਤਾ ਗਿਆ ਸੀ।

ਸਰਕਾਰ ਮੂਲਵਾਸੀ ਲੋਕਾਂ ਨਾਲ ਸਦੀਵੀ ਰਿਸ਼ਤਾ ਕਾਇਮ ਕਰਨ ਲਈ ਪ੍ਰਤੀਬੱਧ ਹੈ ਅਤੇ ਇਸ ਨੇ 2019-20 ਵਿੱਚ ਬਹੁਤ ਸਾਰੇ ਦੀਰਘ-ਕਾਲਿਕ ਸਮਝੌਤਿਆਂ ਰਾਹੀਂ ਇਸ ਵਿੱਚ ਪ੍ਰਗਤੀ ਕੀਤੀ ਹੈ, ਜਿਸ ਵਿੱਚ ਲੇਕ ਬੈਬੀਨ ਫ਼ਾਊਂਡੇਸ਼ਨ ਐਗਰੀਮੈਂਟ ਅਤੇ ਕੋਸਟਲ ਫ਼ਸਟ ਨੇਸ਼ਨਜ਼ ਮੈਮੋਰੰਡਮ ਔਫ਼ ਅੰਡਰਸਟੈਂਡਿੰਗ ਫ਼ੌਰ ਰੀਕੌਂਸੀਲਿਏਸ਼ਨ ਪ੍ਰੋਟੋਕੋਲ 2.0 ਸ਼ਾਮਲ ਹਨ।

ਸ਼ਹਿਰੀ ਇਲਾਕਿਆਂ ਵਿੱਚ ਰਹਿੰਦੇ ਮੂਲਵਾਸੀ ਲੋਕਾਂ ਨੂੰ ਐਬੋਰਿਜਿਨਲ ਫ਼ਰੈਂਡਸ਼ਿਪ ਸੈਂਟਰਾਂ ਲਈ ਮਾਲੀ ਮਦਦ ਦੀ ਸ਼ਕਲ ਵਿੱਚ $7.8 ਮਿਲੀਅਨ ਰਾਹੀਂ ਕੋਵਿਡ-19 ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਹੋਰ ਜ਼ਿਆਦਾ ਸਹਾਇਤਾ ਸਾਧਨ ਪ੍ਰਾਪਤ ਹੋ ਰਹੇ ਹਨ, ਜਿਸ ਨਾਲ ਵਿਅਕਤੀਆਂ, ਨੌਜੁਆਨ ਪਰਿਵਾਰਾਂ, ਇਕੱਲੇ ਮਾਪਿਆਂ, ਯੁਵਕਾਂ ਅਤੇ ਬਜ਼ੁਰਗਾਂ ਨੂੰ ਆਮ੍ਹੋ-ਸਾਹਮਣੇ ਅਤੇ ਔਨਲਾਈਨ, ਰਲਵੀਆਂ ਮਿਲਵੀਆਂ ਸੇਵਾਵਾਂ ਰਾਹੀਂ ਸਹਾਇਤਾ ਮਿਲਣਾ ਸੰਭਵ ਹੋ ਰਿਹਾ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710